23 August 2011

**FOR IMMEDIATE RELEASE**

# ਸਰੂਪਾਂ ਦੀ ਬੇਅਦਬੀ ਸਬੰਧੀ ਸਿੱਖ ਕੌਂਸਲ ਯੂ ਕੇ ਹਰਕਤ ਵਿਚ

ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ੧੨ ਅਗਸਤ ੨੦੧੧ ਨੂੰ ਪੰਜਾਬ ਦੇ ਰੂਪ ਨਗਰ ਜਿਲੇ ਦੇ ਪਿੰਡ ਉਧਮ ਪੁਰ ਨੱਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਇੱਕ ਖੂਹ ਵਿਚ ਸੁੱਟ ਕਿ ਕਿਸੇ ਭ੍ਰਿਸ਼ਟ ਆਤਮਾਂ ਨੇ ਮਹਾਂ ਬੇਅਦਬੀ ਕਰਨ ਦਾ ਸੰਗੀਨ ਪਾਪ ਕੀਤਾ ਹੈ। ਸਰੂਪਾਂ ਨੂੰ ਖੂਹ ਵਿਚ ਸੁੱਟ ਕੇ ਉਪਰੋਂ ਸ਼ਰਾਬ ਪਾਈ ਗਈ ਤਾਂ ਕਿ ਦੁਨੀਆਂ ਭਰ ਵਿਚ ਬੈਠੇ ਸਿੱਖਾਂ ਨੂੰ ਤੜਫਾਇਆ ਅਤੇ ਭੜਕਾਇਆ ਜਾ ਸਕੇ। ਜ਼ਾਹਿਰ ਹੈ ਕਿ ਇਹ ਸੰਗੀਨ ਪਾਪ ਕਰਨ ਵਾਲੇ ਦਾ ਮਨਸ਼ਾ ਦੁਨੀਆਂ ਭਰ ਦੇ ਖਾਲਸੇ ਦੀ ਆਤਮਾਂ ਨੂੰ ਵਲੂੰਧਰਨ ਦਾ ਹੀ ਸੀ। ਸਿੱਖ ਕੌਂਸਲ ਯੂ ਕੇ ਇਸ ਹਰਕਤ ਨੂੰ ਸਿੱਖ ਵਿਰੋਧੀ ਚਾਲਾਂ ਦਾ ਹੀ ਇੱਕ ਹਿੱਸਾ ਮੰਨਦੀ ਹੈ ਜਿਹਨਾਂ ਰਾਂਹੀਂ ਦੁਨੀਆਂ ਦੇ ਅਗਾਂਹਵਧੂ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਔਕੜਾਂ ਖੜ੍ਹੀਆਂ ਕੀਤੀਆਂ ਜਾ ਸਕਣ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸਰਗਰਮ ਖਾਲਸਾਈ ਕਾਫਲੇ ਨੂੰ ਉਲਝਾਇਆ ਜਾ ਸਕੇ।
ਪੰਜਾਬ ਦੀ ਆਰਥਕਤਾ ਅਤੇ ਇੱਕਸੁਰਤਾ ਵਿਰੁਧ ਅੜਿੱਕਾ ਖੜ੍ਹਾ ਕਰਕੇ ਫਿਰਕਾਪ੍ਰਸਤੀ ਅਤੇ ਭਾਈਚਾਰਕ ਕਸ਼ੀਦਗੀ ਨੂੰ ਹਵਾ ਦੇਣ ਦੀ ਵੀ ਇਹ ਇੱਕ ਕੋਝੀ ਚਾਲ ਹੈ।
ਕੌਂਸਲ ਨੇ ਪੰਜਾਬ ਦੇ ਸਾਸ਼ਨ ਨੂੰ ਇਹ ਅਪੀਲ ਕੀਤੀ ਹੈ ਕਿ ਇਸ ਕੇਸ ਨੂੰ ਵਧੇਰੇ ਸੰਜੀਦਗੀ ਨਾਲ ਲੈਂਦੇ ਹੋਏ ਇਸ ਮਗਰ ਛਿਪੇ ਹੋਏ ਮਹਾਂਕੁਕਰਮੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।
ਇਸ ਕਿਸਮ ਦੇ ਕੁਕਰਮ ਸਬੰਧੀ ਸਿੱਖ ਕੌਂਸਲ ਹੇਠ ਲਿਖੇ ਕਦਮ ਉਠਾਉਣ ਦੀ ਸਿਫਾਰਸ਼ ਕਰਦੀ ਹੈ :

੧) ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਂਨ ਸ਼੍ਰੋਮਣੀ ਕਮੇਟੀ, ਮੁਖਮੰਤ੍ਰੀ ਪੰਜਾਬ ਅਤੇ ਭਾਰਤ ਦੇ ਪ੍ਰਧਾਂਨ ਮੰਤ੍ਰੀ ਨੂੰ ਪੱਤਰ ਲਿਖ ਕੇ ਸਿੱਖਾਂ ਪ੍ਰਤੀ ਇਸ ਤਰਾਂ ਦੀਆਂ ਨਫਰਤ ਦੀਆਂ ਸਾਜਸ਼ਾਂ ਦੇ ਵਿਰੁਧ ਆਪਣੀ ਭਾਵਨਾਂ ਪ੍ਰਗਟ ਕੀਤੀ ਜਾਵੇ ਕਿ ਇਹਨਾਂ ਨੂੰ ਰੋਕਣ ਲਈ ਸਾਸ਼ਨ ਦੀ ਜਵਾਬ ਤਲਬੀ ਹੋ ਸਕੇ।ਸਿਖ ਕੌਂਸਲ ਯੂ ਕੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੌਂਸਲ ਵਲੋਂ ਲਿਖੇ ਖਤ ਦਾ ਜਵਾਬ  ਦੇ ਕੇ ਯੂ ਕੇ ਦੀਆਂ ਸੰਗਤਾਂ ਨੂੰ ਧੰਨਵਾਦੀ ਬਣਾਉਣ।

੨) ਪੰਜਾਬ ਦੇ ਸਿੱਖਾਂ ਵਲੋਂ ਇਸ ਤਰਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਇੱਕ ਕਾਨੂੰਨੀ ਪੈਨਲ ਬਣਾਉਣ ਵਾਸਤੇ ਮੱਦਤ ਕੀਤੀ ਜਾਵੇ । ਇਸ ਸਬੰਧੀ ਭਾਰਤੀ ਕਾਨੂੰਨ ਅਤੇ ਦੰਡਾਵਲੀ ਦੀਆਂ ਧਾਰਾਵਾਂ ਤੇ ਨਜ਼ਰਸਾਨੀ ਕੀਤੀ ਜਾਵੇ। ਇਹਨਾਂ ਕੇਸਾਂ ਵਿਚ ਗਵਾਹਾਂ ਦੀ ਸੁਰੱਖਿਅਤਾ ਨੂੰ ਯਕੀਨੀ ਬਣਾਇਆ ਜਾਵੇ ਕਿਉਂਕਿ ਭਾਰਤ ਵਰਗੇ ਦੇਸ਼ ਵਿਚ ਪੁਲਸ ਅਤੇ ਪ੍ਰਸ਼ਾਂਸਨ ਦੇ ਪੱਖਪਾਤੀ ਰਵਈਏ ਅਤੇ ਵਿਰੋਧਿਆਂ ਦੇ ਕਰੋਪ ਕਰਕੇ ਅਕਸਰ ਹੀ ਜੁਡੀਸ਼ਰੀ ਅੱਗੇ ਸਬੂਤ ਦੇਣ ਤੋਂ ਗਵਾਹ ਝਿਜਕਦੇ ਹਨ।

੩) ਸਿੱਖਾਂ ਵਿਰੁਧ ਹੋ ਰਹੇ ਐਸੇ ਹੇਟ ਕੇਸਾਂ ਦਾ ਬਕਾਇਦਾ ਰਿਕਾਰਡ ਰੱਖ ਕੇ ਉਹਨਾਂ ਨੂੰ ਨਾਂ ਕੇਵਲ ਭਾਰਤੀ ਪੁਲਸ, ਪ੍ਰਸ਼ਾਸਨ ਅਤੇ ਜੁਡੀਸ਼ਰੀ ਸਾਹਮਣੇ ਹੀ ਜਵਾਬ ਦੇਹ ਬਣਾਇਆ ਜਾਵੇ ਸਗੋਂ ਇਹਨਾਂ ਕੇਸਾਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਕਚਿਹਿਰੀ ਵਿਚ ਵੀ ਰੱਖਿਆ ਜਾਵੇ।

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org

੪) ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਜੀ ਨੂੰ ਵੀ ਸਿੱਖ ਕੌਂਸਲ ਯੂ ਕੇ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾਂ ਪ੍ਰਤੀਕਰਮ ਕੌਂਸਲ ਨੂੰ ਭੇਜ ਕੇ ਯੂ ਕੇ ਦੀਆਂ ਸੰਗਤਾਂ ਨੂੰ ਧੰਨਵਾਦੀ ਬਣਾਉਣ।

੫) ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਪਿੰਡਾਂ ਦੇ ਸਰਪੰਚਾਂ ਨੂੰ ਇਸ ਸਬੰਧੀ ਸਖਤ ਹਿਦਾਇਤਾਂ ਦਿਤੀਆਂ ਜਾਣ ਕਿ ਹਰ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਸਬੰਧੀ ਕੋਤਾਹੀ ਕਰਨ ਵਾਲਿਆਂ ਨੂੰ ਜਵਾਬ ਦੇਹ ਬਣਾਇਆ ਜਾਵੇ। ਇਹ ਗੱਲ ਸਾਰੀ ਸਿੱਖ ਕੌਮ ਅਤੇ ਬਾਕੀਆਂ ਨੂੰ ਚੇਤੇ ਕਰਵਾਉਣ ਲਈ ਸੰਦੇਸ਼ ਜਾਰੀ ਕੀਤਾ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਹਾਜ਼ਰ ਨਾਜ਼ਰ ਗੁਰੂ ਹਨ ਅਤੇ ਗੁਰੂ ਸਾਹਬਿ ਜੀ ਦੇ ਸਤਿਕਾਰ ਸਬੰਧੀ ਕੋਈ ਵੀ ਜੁਰਮ ਸੰਗੀਨ ਜੁਰਮ ਹੈ।

ਨੋਟ--ਸਿੱਖ ਕੌਂਸਲ ਯੂ ਕੇ ਦੇ ਸਟਰੈਟਿਜੀ ਪਾਲਿਸੀ ਮੈਂਬਰ ਅਤੇ ਲੀਗਲ ਅਫੇਅਰ ਕਮੇਟੀ ਦੇ ਵਾਇਸ ਚੇਅਰ ਮਾਨਯੋਗ ਬੀਬੀ ਪਰਮਜੀਤ ਕੌਰ ਜੀ ਇਸ ਵੇਲੇ ਪੰਜਾਬ ਦੀਆਂ ਪ੍ਰਮੁਖ ਸ਼ਖਸੀਤਾਂ ਨੂੰ ਮਿਲ ਕੇ ਮੌਜੂਦਾ ਦੁਖਾਂਤ ਨਾਲ ਨਜਿੱਠਣ ਅਤੇ ਭਵਿੱਖ ਵਿਚ ਸਿੱਖ ਹੇਟ ਜ਼ੁਰਮਾਂ ਨੂੰ ਨੱਥ ਪਾਉਣ ਲਈ ਪਾਲਿਸੀ ਤਹਿ ਕਰਨ ਲਈ ਯਤਨਸ਼ੀਲ ਹਨ

ਜਾਰੀ ਕਰਤਾ-ਕੁਲਵੰਤ ਸਿੰਘ ਢੇਸੀ ਸਿੱਖ ਕੌਂਸਲ ਯੂ ਕੇ

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org